Punjabi

# ਗੈੱਸਟ੍ਰੋਸਕੋਪੀ ਤੋਂ ਬਾਅਦ After a Gastroscopy

Royal Columbian Hospital ♦ Eagle Ridge Hospital    ਰਾਇਲ ਕੋਲੰਬੀਆ ਹਸਪਤਾਲ ♦ ਈਗਲ ਰਿੱਜ ਹਸਪਤਾਲ

## ਘਰ ਵਿਚ ਆਪਣੀ ਦੇਖਭਾਲ ਕਰਨੀ
## Caring for yourself at home

- ਘਰ ਪਹੁੰਚਣ ਤੋਂ ਬਾਅਦ ਬਾਕੀ ਸਾਰਾ ਦਿਨ ਆਰਾਮ ਕਰੋ।
- ਤੁਹਾਨੂੰ ਡਕਾਰ ਆ ਸਕਦੇ ਹਨ, ਪੇਟ ਵਿਚ ਕੜਵੱਲ ਅਤੇ ਪੇਟ ਭਰਿਆ ਭਰਿਆ ਮਹਿਸੂਸ ਹੋ ਸਕਦਾ ਹੈ। ਇਹ ਆਮ ਹੈ।
- ਤੁਹਾਡਾ ਗਲਾ ਖ਼ਰਾਬ ਹੋ ਸਕਦਾ ਹੈ, ਗਲੇ ਵਿਚ ਝਰਨਾਹਟ ਜਾਂ 1-2 ਦਿਨ ਸੁੱਕੀ ਖੰਘ ਹੋ ਸਕਦੀ ਹੈ। ਲੋਜ਼ੈਂਜਿਸ ਚੂਸੋ ਜਾਂ ਨਮਕ ਵਾਲੇ ਕੋਸੇ ਪਾਣੀ ਨਾਲ ਗਰਾਰੇ ਕਰੋ।

☐ **ਤੁਹਾਡੇ ਗਲੇ ਦੇ ਪਿਛਲੇ ਪਾਸੇ ਨੂੰ ਸੁੰਨ ਕਰਨ ਲਈ ਟੌਪੀਕਲ ਸਪਰੇਅ ਕੀਤਾ ਗਿਆ ਹੈ।**
ਪ੍ਰੋਸੀਜਰ ਤੋਂ ਬਾਅਦ 1 ਘੰਟੇ ਲਈ ਕੁੱਝ **ਨਾ** ਖਾਓ ਪੀਓ **ਨਾ ਹੀ** ਚਵਿੰਗਮ ਲਵੋ। ਇੱਕ ਵਾਰ ਸੁੰਨ ਖ਼ਤਮ ਹੋ ਜਾਏ ਉਸ ਤੋਂ ਬਾਅਦ ਕੁੱਝ ਖਾਣਾ ਪੀਣਾ ਸੁਰੱਖਿਅਤ ਹੈ।

☐ **ਤੁਹਾਨੂੰ ਸ਼ਾਂਤ ਰਹਿਣ ਵਾਲੀ ਦਵਾਈ ਦਿੱਤੀ ਗਈ ਹੈ।**
ਅਗਲੇ 12-24 ਘੰਟੇ ਤੁਹਾਡੇ ਕੋਲ ਕੋਈ ਹੋਣਾ ਚਾਹੀਦਾ ਹੈ। ਅਗਲੇ 24 ਘੰਟੇ ਤੁਸੀਂ ਊਂਘ ਜਿਹੀ ਮਹਿਸੂਸ ਕਰ ਸਕਦੇ ਹੋ।

ਬੇਸ਼ੱਕ ਅਗਲੇ 24 ਘੰਟੇ ਤੁਸੀਂ ਊਂਘ ਜਿਹੀ ਮਹਿਸੂਸ ਨਹੀਂ ਕਰਦੇ ਤਾਂ ਵੀ:

- ✘ ਗੱਡੀ **ਨਾ** ਚਲਾਓ ਅਤੇ **ਨਾ ਹੀ** ਕੋਈ ਮਸ਼ੀਨਰੀ ਚਲਾਓ।
- ✘ ਸ਼ਰਾਬ **ਨਾ** ਪੀਓ।
- ✘ ਕਿਸੇ ਕਾਨੂੰਨੀ ਕਾਗਜ਼ ਤੇ ਦਸਖ਼ਤ **ਨਾ** ਕਰੋ ਜਾਂ ਕੋਈ ਮਹੱਤਵਪੂਰਨ ਫ਼ੈਸਲਾ **ਨਾ** ਕਰੋ।

## ਨਤੀਜੇ Results

☐ **ਤੁਹਾਨੂੰ ਹਿਆਟਸ ਹਰਨੀਆ ਹੈ।**

☐ **ਤੁਹਾਨੂੰ ਅਲਸਰ ਹੈ।**

☐ **ਤੁਹਾਡੇ ਅੰਦਰ ਸੋਜਸ਼ ਹੈ/** ਮੂੰਹ ਤੋਂ ਬਾਅਦ ਖਾਣੇ ਵਾਲੀ ਨਲੀ ਵਿਚ ਖ਼ਾਰਸ਼ ਨੂੰ ਇਸੋਫੈਗਟਿਸ ਕਹਿੰਦੇ ਹਨ।

☐ **ਤੁਹਾਡੀ ਖਾਣੇ ਵਾਲੀ ਨਲੀ ਫੁੱਲੀ ਹੋਈ ਸੀ।**

☐ **ਉਸ ਨੂੰ ਈਸੋਫੈਗੀਲ ਬੈਂਡ ਲਗਾਏ ਗਏ ਹਨ।**

☐ **ਤੁਹਾਨੂੰ______________________ ਹੈ**

☐ **ਬਾਇਓਪਸੀ ਲਈ ਗਈ ਹੈ।**

* ਪੰਨਾ 2 ਦੇਖੋ *

## ਬਾਅਦ ਵਿਚ ਕਰਨਯੋਗ Follow up

☐ ਗੈਸਟਰੋ ਡਾਕਟਰ ਨੂੰ **ਮਿਲਣ ਦੀ ਜ਼ਰੂਰਤ ਨਹੀਂ।**

☐ **ਗੈਸਟਰੋ ਡਾਕਟਰ ਨੂੰ** ___ਹਫ਼ਤਿਆਂ ਬਾਅਦ ਮਿਲੋ।

## ਦਵਾਈਆਂ Medications

☐ **ਡਾਕਟਰ ਨੇ ਤੁਹਾਡੇ ਲਈ** ਐਂਟੀਐਸਿਡ ਦਵਾਈਆਂ **ਲਿਖੀਆਂ ਹਨ।**
ਕਿਰਪਾ ਕਰ ਕੇ ਆਪਣੀਆਂ ਦਵਾਈਆਂ ਲਵੋ ਅਤੇ ਨਿਰਦੇਸ਼ ਮੁਤਾਬਿਕ ਖਾਓ।

☐ **ਜੇ ਖ਼ੂਨ ਪਤਲਾ ਕਰਨ ਵਾਲੀ ਦਵਾਈ ਲੈ ਰਹੇ ਹੋ:**
ਉਹ ਇਸ_______________ਤਾਰੀਖ਼ ਤੋਂ ਸ਼ੁਰੂ ਕਰੋ।

ਜੇ ਹੇਠ ਲਿਖਿਆਂ ਵਿਚੋਂ ਜੇ ਕੋਈ ਲੱਛਣ ਹੈ ਤਾਂ **ਨਜ਼ਦੀਕ ਦੀ ਐਮਰਜੈਂਸੀ ਵਿਚ ਜਾਓ:**

- ਠੰਢ ਲੱਗਦੀ ਜਾਂ 38.5° C (101.3° F) ਤੋਂ ਵੱਧ ਬੁਖ਼ਾਰ ਹੈ
- ਗਲੇ ਵਿਚੋਂ ਲੰਘਾਉਣ ਦੀ ਦਿੱਕਤ
- ਸਾਹ ਲੈਣ ਵਿਚ ਤਕਲੀਫ਼
- ਉਲਟੀਆਂ ਜੋ 6 ਘੰਟਿਆਂ ਬਾਅਦ ਵੀ ਨਹੀਂ ਰੁਕਦੀਆਂ
- ਛਾਤੀ ਵਿਚ ਦਰਦ
- ਪੇਟ ਦਰਦ ਜੋ ਠੀਕ ਨਹੀਂ ਹੁੰਦਾ
- ਕਾਲੇ ਰੰਗ ਦਾ ਪਖਾਨਾ

ਨਿਊ ਵੈੱਸਟਮਿਨਸਟਰ ਜੀ.ਆਈ. ਕਲੀਨਿਕ    301 ਈਸਟ ਕੋਲੰਬੀਆ ਸਟ੍ਰੀਟ ਨਿਊ ਵੈੱਸਟਮਿਨਸਟਰ    604-525-0155

www.fraserhealth.ca

ਇਹ ਜਾਣਕਾਰੀ ਤੁਹਾਡੀ ਸਿਹਤ ਸੰਭਾਲ ਕਰਨ ਵਾਲੇ ਵੱਲੋਂ ਤੁਹਾਨੂੰ ਦਿੱਤੀ ਸਲਾਹ ਦਾ ਬਦਲ ਨਹੀਂ।

Catalogue #266272 (May 2021) Punjabi
To order:patienteduc.fraserhealth.ca






Catalogue #266272 (May 2021) Punjabi
To order:patienteduc.fraserhealth.ca